# 16. ਤ੍ਰੈਲੋਚਨ ਲੋਚੀ

ਤ੍ਰੈਲੋਚਨ ਲੋਚੀ ਪੰਜਾਬੀ ਦਾ ਹਰਮਨ ਪਿਆਰਾ ਸ਼ਾਇਰ ਹੈ। ਜੇਕਰ ਉਸਨੂੰ ਕਾਵਿ-ਮਹਿਫ਼ਲਾਂ ਦੀ ਸ਼ਾਨ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਵੈ-ਰਚਿਤ ਕਵਿਤਾਵਾਂ ਲੋਚੀ ਦੀ ਸੁਹਜਮਈ ਆਵਾਜ਼ ਨਾਲ ਆਪਣੇ ਪ੍ਰਭਾਵ ਨੂੰ ਦੂਣਾ ਕਰਦੀਆਂ ਹਨ।

ਇਸ ਸ਼ਾਇਰ ਦਾ ਜਨਮ 14 ਜਨਵਰੀ 1965 ਨੂੰ ਸ੍ਰ. ਗੁਰਬਚਨ ਸਿੰਘ ਤੇ ਮਾਤਾ ਸੁਰਜੀਤ ਕੌਰ ਦੇ ਘਰ ਬੁੱਟਰ ਸ਼ਰੀਹ(ਸ਼੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਮੁੱਢਲੀ ਵਿੱਦਿਆ ਸਰਕਾਰੀ ਸਕੂਲ ਸ਼੍ਰੀ ਮੁਕਤਸਰ ਸਾਹਿਬ ਤੋਂ ਕਰਨ ਉਪਰੰਤ ਉੱਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਸਰਕਾਰੀ ਕਾਲਜ ਮੁਕਤਸਰ ਵਿਖੇ ਦਾਖਿਲਾ ਲਿਆ। ਅੱਜ ਕੱਲ ਉਹ ਨਹਿਰੀ ਸਿੰਚਾਈ ਵਿਭਾਗ ਲੁਧਿਆਣਾ ਵਿਖੇ ਜ਼ਿਲ੍ਹੇਦਾਰ ਦੇ ਪਦ ’ਤੇ ਬਿਰਾਜ਼ਮਾਨ ਹੈ। ਕਾਵਿਕ ਰੁਚੀਆਂ ਨਾਲ ਉਹ ਕਾਲਜ ਪੱਧਰ ਤੋਂ ਜੁੜਿਆ ਹੋਇਆ ਹੈ। ਉਸ ਦੀਆਂ ਰਚਨਾਵਾਂ ਨੂੰ ਬਰਕਤ ਸਿੱਧੂ, ਹਰਦੇਵ ਮਾਹੀਨੰਗਲ, ਜਸਬੀਰ ਜੱਸੀ, ਨੇਹਾ ਡੋਗਰਾ, ਆਰਤੀ ਦੱਤਾ, ਯਾਕੂਬ ਵਰਗਿਆਂ ਫ਼ਨਕਾਰਾਂ ਨੇ ਆਵਾਜ਼ ਦਿੱਤੀ ਹੈ। ਲੋਚੀ ਖ਼ੁਦ ਵੀ ਮਿਠਾਸ ਭਰੀ ਆਵਾਜ਼ ਦਾ ਮਾਲਕ ਹੈ, ‘ਸਰਵਰ’ ਨਾਂ ਦੀ ਸੀ.ਡੀ. ਕੈਸਟ ਇਸ ਦਾ ਪ੍ਰਤੱਖ ਪ੍ਰਮਾਣ ਹੈ। ਇਸ ਤੋਂ ਇਲਾਵਾ ਲੋਚੀ ਜਲੰਧਰ ਦੂਰਦਰਸ਼ਨ, ਦਿੱਲੀ ਦੂਰਦਰਸ਼ਨ, ਪੀ.ਟੀ.ਸੀ., ਫਾਸਟਵੇਅ ਆਦਿ ਕਈ ਚੈਨਲਾਂ ਤੋਂ ਬਿਨਾਂ ਰੇਡੀਓ ਤੋਂ ਵੀ ਆਪਣੀ ਕਾਵਿ-ਪ੍ਰਤਿਭਾ ਦਾ ਲੋਹਾ ਮਨਵਾ ਚੁੱਕਿਆ ਹੈ।

‘ਦਿਲ ਦਰਵਾਜ਼ੇ’ ਉਸ ਦੀ ਪਲੇਠੀ ਕਾਵਿ-ਪੁਸਤਕ ਹੈ। ਇਸ ਤੋਂ ਬਿਨਾਂ ਉਹ ਅਨੇਕਾਂ ਕਾਵਿ ਪੁਸਤਕਾਂ ਸੰਪਾਦਿਤ ਵੀ ਕਰ ਚੁਕਿਆ ਹੈ। ‘ਗੁਲਕੰਦ’ ਵਿੱਚ 1960 ਤੋਂ ਲੈ ਕੇ 2015 ਤੱਕ ਦੀਆਂ ਕਾਵਿ ਰਚਨਾਵਾਂ ਨੂੰ ਪੇਸ਼ ਕੀਤਾ ਗਿਆ।

ਲੋਚੀ ਦੀ ਕਾਵਿ-ਕਲਮ ਨੇ ਬਹੁਤ ਹੀ ਸੰਵੇਦਨਸ਼ੀਲ ਮੁੱਦਿਆਂ ਨੂੰ ਉਭਾਰਿਆ ਹੈ। ਖਾਸ ਕਰ ਧੀਆਂ ਦੀਆਂ ਭਾਵਨਾਵਾਂ ਨੂੰ ਅਭਿਵਿਅਕਤ ਕੀਤਾ ਗਿਆ ਹੈ। ਅਨੇਕਾਂ ਸਮਾਜਕ ਸਰੋਕਾਰ ਵੀ ਉਸ ਦੀਆਂ ਰਚਨਾਵਾਂ ਦਾ ਹਿੱਸਾ ਬਣਦੇ ਹਨ। ਆਧੁਨਿਕ ਮਨੁੱਖੀ ਲੋਚਾ ਤੇ ਦੁਬਿਧਾਗ੍ਰਸਤ ਸਥਿਤੀ ਵੀ ਰੂਪਮਾਨ ਹੋਈ ਹੈ। ਉਸ ਦੀਆਂ ਗ਼ਜ਼ਲਾਂ ਐਨੀਆਂ ਮਕਬੂਲ ਹੋਈਆਂ ਹਨ ਕਿ ਪ੍ਰਕਾਸ਼ਨ ਦੇ ਨਾਲ-ਨਾਲ ਸ਼ੋਸ਼ਲ ਮੀਡੀਆ ’ਤੇ ਵੀ ਚਰਚਿਤ ਹੋਈਆਂ ਹਨ।

ਉਸ ਦੀ ਕਾਵਿ-ਪ੍ਰਤਿਭਾ ਕਰਕੇ ਉਸ ਨੂੰ ਅਨੇਕਾਂ ਇਨਾਮ-ਸਨਮਾਨ ਹਾਸਲ ਹੋ ਚੁੱਕੇ ਹਨ। ਨਾਭਾ ਕਾਵਿ ਉਤਸਵ ਤੇ ਸਨਮਾਨ, ਬਾਬਾ ਫਰੀਦ ਐਵਾਰਡ, ਪ੍ਰੀਤਮ ਸਿੰਘ ਰਾਹੀ ਐਵਾਰਡ, ਗਣਤੰਤਰ ਦਿਵਸ ਮੌਕੇ ਮਿਲੇ ਸਨਮਾਨਾਂ ਦੀ ਸੂਚੀ ਲੰਬੀ ਹੈ।

## ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ

ਜ਼ਾਲਮ ਕਹਿਣ ਬਲਾਵਾਂ ਹੁੰਦੀਆਂ
ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ

ਕਰਜ਼ ਇੰਨਾਂ ਦਾ ਕੌਣ ਉਤਾਰੇ
ਰੱਬ ਤੋ ਵੱਡੀਆਂ ਮਾਵਾਂ ਹੁੰਦੀਆਂ।

ਉਮਰਾਂ ਦਾ ਇਹ ਜੋੜਣ ਰਿਸ਼ਤਾ
ਉਂਜ ਤਾਂ ਚਾਰ ਹੀ ਲਾਵਾਂ ਹੁੰਦੀਆਂ

ਮੈਂ ਜੰਗਲ ਨੂੰ ਤੁਰ ਜਾਣਾ ਸੀ
ਘਰ ਵਿੱਚ ਨਾ ਜੇ ਛਾਵਾਂ ਹੁੰਦੀਆਂ।

ਮਰ-ਖਪ ਜਾਂਦਾ ਕਦ ਦਾ ਲੋਚੀ
ਜੇ ਨਾ ਨਾਲ ਦੁਆਵਾਂ ਹੁੰਦੀਆਂ

ਜਾਲਮ ਕਹਿਣ........

**(ਬਲਾਵਾਂ- ਬੁਰੀਆਂ ਆਤਮਾਵਾਂ, ਮੁਸੀਬਤ। ਦੁਆਵਾਂ- ਅਸੀਸਾਂ, ਲਾਵਾਂ- ਸਿੱਖ ਮਰਿਆਦਾ ਅਨੁਸਾਰ ਵਿਆਹ ਦੀ ਰਸਮ)**

## ਅਰਦਾਸ ਕਰੀਂ(ਗ਼ਜ਼ਲ)

ਸ਼ਬਦਾਂ ਨੂੰ ਵਰਦਾਨ ਮਿਲੇ ਅਰਦਾਸ ਕਰੀਂ।
ਮਰਦੀ ਰੂਹ ਨੂੰ ਜਾਨ ਮਿਲੇ ਅਰਦਾਸ ਕਰੀਂ।

ਚਿੜੀਆਂ ਚਹਿਕਣ ਜੀਕੂੰ ਨੀਲੇ ਅੰਬਰ ਵਿੱਚ,
ਧੀਆਂ ਨੂੰ ਸਨਮਾਨ ਮਿਲੇ ਅਰਦਾਸ ਕਰੀਂ।

ਦੂਰ ਦੇਸ-ਪ੍ਰਦੇਸ ਗੁਆਚੇ ਫਿਰਦੇ ਨੂੰ,
ਅਪਣੀ ਮਾਤ-ਜ਼ੁਬਾਨ ਮਿਲੇ ਅਰਦਾਸ ਕਰੀਂ।

ਵੇਦ, ਕਤੇਬ, ਗ੍ਰੰਥਾਂ ਵਿੱਚ ਨਾ ਮਰ ਜਾਵੇ,
ਲੋਕਾਂ ਨੂੰ ਇਹ ਗਿਆਨ ਮਿਲੇ ਅਰਦਾਸ ਕਰੀਂ।

**(ਵੇਦ-ਕਤੇਬ--- ਹਿੰਦੂ-ਮੁਸਲਿਮ ਧਰਮ ਨਾਲ ਸੰਬੰਧਿਤ ਗ੍ਰੰਥ)**

## ਹੱਥਾਂ ਦੇ ਵਿੱਚ ਡਿਗਰੀਆਂ(ਗ਼ਜ਼ਲ)

ਹੱਥਾਂ ਦੇ ਵਿੱਚ ਡਿਗਰੀਆਂ, ਫਿਰਦੇ ਬੇ-ਰੁਜ਼ਗਾਰ।
ਮੁਲਕ ਤਰੱਕੀ ਕਰ ਰਿਹੈ, ਨਿੱਤ ਕਹਿੰਦੀ ਸਰਕਾਰ।

ਹਾਲੇ ਵੀ ਦਿਲ ਤੜਪਦਾ, ਮਿਲਿਆ ਨਹੀਂ ਕਰਾਰ।
ਸਿਵਿਆਂ ਵਾਲੀ ਰਾਖ਼ ਵੀ, ਹੋ ਗਈ ਠੰਡੀ ਠਾਰ।

ਗਿਆਨ ਦੀ ਅੰਨ੍ਹੀ ਦੌੜ ਵਿੱਚ, ਹੋਏ ਬਹੁਤ ਖੁਆਰ।
ਅੰਦਰ ਵੀ ਨਈਂ ਰੌਸ਼ਨੀ, ਬਾਹਰ ਵੀ ਅੰਧਕਾਰ।

ਕਿੱਥੋ ਕਲਯੁਗ ਆ ਗਿਆ, ਰਿਸ਼ਤੇ ਤਾਰੋ-ਤਾਰ।

ਬੇਬੇ-ਬਾਪੂ ਸੋਚਦੇ, ਚੱਲੀਏ ਹਰੀਦੁਆਰ।

ਥਿੜਕਣ ਕੰਧਾਂ ਘਰ ਦੀਆਂ, ਨੱਚਦਾ ਦੇਖ ਬਾਜ਼ਾਰ।
ਨਿੱਕੀ ਜੇਬ ਉਦਾਸ ਹੈ, ਬੱਚੇ ਨੇ ਬੇਜ਼ਾਰ।

'ਲੋਚੀ ਤੇਰੇ ਸ਼ਹਿਰ ਦੇ, ਕੈਸੇ ਵਣਜ ਵਪਾਰ,
ਲੋਕੀਂ ਰਾਤੀਂ ਜਾਗਦੇ, ਸੌਂਦੇ ਪਹਿਰੇਦਾਰ।

**(ਖੁਆਰ- ਪਰੇਸ਼ਾਨੀ)**

## ਕਿਤਾਬਾਂ ਤੇ ਕੁੜੀਆਂ (ਗ਼ਜ਼ਲ)

ਕਿਤਾਬਾਂ ਤੇ ਕੁੜੀਆਂ ਤੋਂ,
ਸੱਖਣੇ ਜੋ ਘਰ ਨੇ।
ਉਹ ਘਰ ਕਾਹਦੇ ਘਰ ਨੇ,
ਉਹ ਦਰ ਕਾਹਦੇ ਦਰ ਨੇ।

ਅਸੀਸਾਂ ਭਰੀ ਇਹ,
ਦੁਆ ਮਾਂ ਦੀ ਲੈ ਜਾ।
ਤਿਰੇ ਪੈਂਡੇ ਬਿਖੜੇ,
ਤੇ ਲੰਮੇ ਸਫ਼ਰ ਨੇ।

ਨਾ ਸ਼ਬਨਮ, ਨਾ ਖ਼ੁਸ਼ਬੂ,
ਨਾ ਤਾਜ਼ਾ ਹਵਾ ਹੈ,

ਇਹ ਕੈਸੇ ਗਰਾਂ ਨੇ,

ਇਹ ਕੈਸੇ ਨਗਰ ਨੇ।

ਕਿਤਾਬਾਂ ਦੀ ਦੁਨੀਆਂ ਤੋਂ,

ਰੱਖਦੇ ਜੋ ਦੂਰੀ।

ਉਹ ਕਿੱਦਾਂ ਨੇ ਜਿਉਂਦੇ,

ਉਹ ਕੈਸੇ ਬਸ਼ਰ ਨੇ।

ਤੂੰ ਲੱਭੇਂਗਾਂ ਕਿੱਥੋਂ,

ਗੁਆਚਾ ਜੇ ‘ਲੋਚੀ’।

ਲਿਖੇ ਜੀਹਦੇ ਪੈਰਾਂ ’ਚ,

ਲੰਮੇ ਸਫ਼ਰ ਨੇ।

**(ਸੱਖਣੇ– ਖਾਲੀ, ਬਿਖੜੇ – ਔਖੇ, ਸ਼ਬਨਮ– ਤ੍ਰੇਲ ਦੀ ਬੂੰਦ, ਗ੍ਰਾਮ– ਪਿੰਡ, ਬਸ਼ਰ– ਆਦਮੀ)**

# ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ  ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਹਾਲੇ ਵੀ ਦਿਲ ਤੜਪਦਾ, ਮਿਲਿਆ ਨਹੀਂ ਕਰਾਰ।

ਸਿਵਿਆਂ ਵਾਲੀ ਰਾਖ਼ ਵੀ, ਹੋ ਗਈ ਠੰਡੀ ਠਾਰ।

ਗਿਆਨ ਦੀ ਅੰਨ੍ਹੀ ਦੌੜ ਵਿੱਚ, ਹੋਏ ਬਹੁਤ ਖੁਆਰ।

ਅੰਦਰ ਵੀ ਨਈਂ ਰੌਸ਼ਨੀ, ਬਾਹਰ ਵੀ ਅੰਧਕਾਰ।

(ਅ) ਨਾ ਸ਼ਬਨਮ, ਨਾ ਖ਼ੁਸ਼ਬੂ,

ਨਾ ਤਾਜ਼ਾ ਹਵਾ ਹੈ,

ਇਹ ਕੈਸੇ ਗਰਾਂ ਨੇ,

ਇਹ ਕੈਸੇ ਨਗਰ ਨੇ।

2. 'ਜਾਲਮ ਕਹਿਣ ਬਲਾਵਾਂ ਹੁੰਦੀਆਂ' ਸਤਰ ਵਿੱਚ ਜਾਲਮ ਕੌਣ ਹਨ ਤੇ ਕਿਉਂ ? ਗ਼ਜ਼ਲ ਦੇ ਆਧਰ 'ਤੇ ਦੱਸੋ।

3. 'ਅਰਦਾਸ ਕਰੀ' ਗ਼ਜ਼ਲ ਰਾਹੀ ਕਵੀ ਕਿਹੜੀ ਕਿਹੜੀ ਅਰਦਾਸ ਕਰਨ ਲਈ ਪ੍ਰੇਰਿਤ ਕਰਦਾ ਹੈ ?

4.'ਹੱਥਾਂ ਦੇ ਵਿੱਚ ਡਿਗਰੀਆਂ' ਗਜ਼ਲ ਕਿਹੜੀਆਂ ਸਮਾਜਕ ਸਮੱਸਿਆਵਾਂ ਦਾ ਜ਼ਿਕਰ ਕਰਦੀ ਹੈ ? ਵਿਸਤਾਰ ਸਹਿਤ ਲਿਖੋ।

5. 'ਕਿਤਾਬਾਂ ਤੇ ਕੁੜੀਆਂ' ਗ਼ਜ਼ਲ ਵਿੱਚ ਕਵੀ ਨੇ ਕਿਹੜੇ ਭਾਵਾਂ ਦੀ ਪੇਸ਼ਕਾਰੀ ਕੀਤੀ ਹੈ ? ਬਿਆਨ ਕਰੋ।

6. 'ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ' ਗ਼ਜ਼ਲ ਕੁੜੀਆਂ ਦੇ ਕਿਹੜੇ-ਕਿਹੜੇ ਗੁਣਾਂ ਬਾਰੇ ਜ਼ਿਕਰ ਕਰਦੀ ਹੈ ?